# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਵੱਲ,

ਪ੍ਰਿੰਸੀਪਲ, ਹੈੱਡ ਮਾਸਟਰ ਅਤੇ ਇੰਚਾਰਜ ਮਿਡਲ ਸਕੂਲ,
ਸਮੂਹ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲ।

ਮੀਮੋ ਨੰ. ਈ-1009200/(S.E) 2/2025 325919
ਮਿਤੀ: 06-11-2025

**ਵਿਸ਼ਾ:-** **ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦਾ 350ਵਾਂ ਵਰ੍ਹਾ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੇ ਜੀਵਨ ਅਤੇ ਸਿੱਖਿਆਵਾਂ ਦਾ ਸੁਨੇਹਾ ਵਿਦਿਆਰਥੀਆਂ ਤੱਕ ਪੁੱਜਦਾ ਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 15 ਪਾਠਾਂ ਦੀ ਸੰਖੇਪ ਸਮੱਗਰੀ ਤਿਆਰ ਕੀਤੀ ਗਈ ਹੈ ਜੋ ਕਿ ਪੰਜਾਬ ਦੇ ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਤੀ 10-11-2025 ਤੋਂ 27-11-2025 ਤੱਕ (ਛੁੱਟੀ ਵਾਲੇ ਦਿਨ ਤੋਂ ਇਲਾਵਾ) ਹੇਠ ਦਰਜ ਸ਼ਡਿਊਲ ਅਨੁਸਾਰ ਸਵੇਰ ਦੀ ਸਭਾ ਵਿੱਚ ਪੜ੍ਹ ਕੇ ਸੁਣਾਏ ਜਾਣ:

| ਲੜੀ ਨੰ | ਮਿਤੀ | ਸ਼ਡਿਊਲ |
|---|---|---|
| 1. | 10-11-25 | ਪ੍ਰਕਾਸ਼ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ |
| 2. | 11-11-25 | "ਗੁਰੂ ਲਾਧੋ ਰੇ" ਪ੍ਰਗਟ ਹੋਈ ਗੁਰਿਆਈ |
| 3. | 12-11-25 | ਚੱਕ ਨਾਨਕੀ ਅਤੇ ਸ੍ਰੀ ਅਨੰਦਪੁਰ ਸਾਹਿਬ |
| 4. | 13-11-25 | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਯਾਤਰਾਵਾਂ |
| 5. | 14-11-25 | ਆਗਮਨ ਬਾਲ(ਗੁਰੂ) ਗੋਬਿੰਦ ਰਾਇ ਜੀ |
| 6. | 15-11-25 | ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਜੀ |
| 7. | 17-11-25 | ਔਰੰਗਜ਼ੇਬ ਦੇ ਜ਼ੁਲਮ |
| 8. | 18-11-25 | ਕਸ਼ਮੀਰੀ ਪੰਡਤਾਂ ਦਾ ਅਨੰਦਪੁਰ ਆਉਣਾ |
| 9. | 19-11-25 | ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ |
| 10. | 20-11-25 | ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ |
| 11. | 21-11-25 | ਮਾਤਾ ਗੁਜਰੀ ਜੀ: ਮੁੱਢਲਾ ਜੀਵਨ ਅਤੇ ਸ਼ਖ਼ਸੀਅਤ |
| 12. | 22-11-25 | ਮਾਤਾ ਗੁਜਰੀ ਜੀ : 'ਵਿਲੱਖਣ ਸ਼ਖ਼ਸੀਅਤ' |
| 13. | 24-11-25 | ਮਾਤਾ ਗੁਜਰੀ ਜੀ : ਇਕ ਜਾਂਬਾਜ਼ ਮਾਂ |
| 14. | 26-11-25 | ਮਾਤਾ ਗੁਜਰੀ ਜੀ : ਸਰਸਾ ਤੋਂ ਅਰੰਭੇ ਬਿਖੜੇ ਪੈਂਡੇ |
| 15. | 27-11-25 | ਮਾਤਾ ਗੁਜਰੀ ਜੀ : ਸ਼ਹਾਦਤ ਦੇ ਰਾਹ 'ਤੇ |

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਉੱਕਤ ਸਬੰਧੀ ਲਿਖਤ ਪਾਠ-ਸਮੱਗਰੀ ਦੇ ਨਾਲ ਨਾਲ ਆਡੀਓ ਕਲਿੱਪ ਵੀ ਤਿਆਰ ਕਰਵਾਏ ਗਏ ਹਨ ਜੋ ਕਿ ਉਪਰੋਕਤ ਦੱਸੇ ਸ਼ਡਿਊਲ ਅਨੁਸਾਰ ਇੱਕ ਦਿਨ ਪਹਿਲਾਂ ਆਪ ਦੇ

ਸਕੂਲ ਨੂੰ ਡਿਜ਼ੀਟਲ ਢੰਗ ਨਾਲ ਭੇਜੇ ਜਾਣਗੇ । ਆਸ ਕੀਤੀ ਜਾਂਦੀ ਹੈ ਕਿ ਸਬੰਧਤ ਅਦਾਰੇ ਪੂਰੀ ਸ਼ਰਧਾ ਭਾਵਨਾ ਤੇ ਜਿੰਮੇਵਾਰੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦਾ ਸੁਨੇਹਾ ਵਿਦਿਆਰਥੀਆਂ ਤੱਕ ਪੁੱਜਦਾ ਕਰਨ ਵਿੱਚ ਸਹਾਈ ਸਿੱਧ ਹੋਣਗੇ। ਸਕੂਲ ਵੱਲੋਂ, ਉਪਰੋਕਤ ਪ੍ਰੋਗਰਾਮ ਦੀ ਫੋਟੋਗ੍ਰਾਫੀ, ਵੀਡਿਓਗ੍ਰਾਫੀ ਆਦਿ ਡਾਕੂਮੈਂਟੇਸ਼ਨ ਕਰਕੇ ਸੋਸ਼ਲ ਮੀਡੀਆ ਵਿੱਚ ਪਾਉਣ ਉਪਰੰਤ ਉਸਦਾ ਲਿੰਕ ਸਬੰਧਤ ਨੋਡਲ ਅਫਸਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ)
ਪੰਜਾਬ।

ਪਿੱਠ ਅੰਕਣ ਨੰ. ਉਕਤ/2025325920 ਮਿਤੀ: 06-11-2025

ਉਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਉਕਤ ਕੰਮ ਲਈ ਕਿਸੇ ਅਧਿਕਾਰੀ ਨੂੰ ਬਤੌਰ ਨੋਡਲ ਅਫਸਰ ਨਾਮਜ਼ਦ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਉਕਤ ਸ਼ਡਿਊਲ ਅਨੁਸਾਰ ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਕਾਰਜ ਕਰਨਾ ਯਕੀਨੀ ਬਣਾਇਆ ਜਾਵੇ ।

ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ)
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ ਸ-6/2025/4546 ਮਿਤੀ 07/11/2025
ਉਪਰੋਕਤ ਅਤੇ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਪੱਤਰ ਵਿੱਚ ਦਿੱਤੀਆਂ ਮਿਤੀਆਂ ਅਨੁਸਾਰ ਕਾਰਵਾਈ ਦੀ ਸੂਚਨਾ ਵਿੱਚ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ।
ਮਨਜਿੰਦਰ ਕੌਰ ਲੈਕਚਰਾਰ [illegible] ਨੋਡਲ ਅਫਸਰ ਵਜੋਂ ਕੰਮ ਕਰਨਗੇ।

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
07/11/25

P.K.
07/11/2025